ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਨੂੰ ਸ਼੍ਰੀਮਤ ਤੇ ਸਾਰਿਆਂ ਨੂੰ ਸੁਖ ਦੇਣਾ ਹੈ, ਤੁਹਾਨੂੰ ਸ਼੍ਰੇਸ਼ਠ ਮੱਤ ਮਿਲਦੀ ਹੈ ਸ਼੍ਰੇਸ਼ਠ ਬਣ ਕੇ ਦੂਜਿਆਂ ਨੂੰ ਬਣਾਉਣ ਲਈ"

ਪ੍ਰਸ਼ਨ:- ਰਹਿਮ ਦਿਲ ਬੱਚਿਆਂ ਦੇ ਦਿਲ ਵਿਚ ਕਿਹੜੀ ਲਹਿਰ ਆਉਂਦੀ ਹੈ? ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ?

ਉੱਤਰ:- ਜੋ ਰਹਿਮ ਦਿਲ ਬੱਚੇ ਹਨ ਉਨ੍ਹਾਂ ਦੀ ਦਿਲ ਹੁੰਦੀ ਹੈ - ਅਸੀਂ ਪਿੰਡ - ਪਿੰਡ ਵਿੱਚ ਜਾਕੇ ਸਰਵਿਸ ਕਰੀਏ। ਅੱਜਕਲ ਵਿਚਾਰੇ ਬਹੁਤ ਦੁਖੀ ਹਨ, ਉਨ੍ਹਾਂ ਨੂੰ ਜਾਕੇ ਖੁਸ਼ ਖਬਰੀ ਸੁਣਾਓ ਕਿ ਵਿਸ਼ਵ ਵਿਚ ਪਵਿੱਤਰਤਾ, ਸੁਖ ਅਤੇ ਸ਼ਾਂਤੀ ਦਾ ਦੈਵੀ ਸਵਰਾਜ ਸਥਾਪਨ ਹੋ ਰਿਹਾ ਹੈ, ਇਹ ਉਹ ਹੀ ਮਹਾਭਾਰਤ ਲੜਾਈ ਹੈ, ਬਰੋਬਰ ਉਸ ਸਮੇਂ ਬਾਪ ਵੀ ਸੀ, ਹੁਣ ਵੀ ਬਾਪ ਆਇਆ ਹੋਇਆ ਹੈ।

ਓਮ ਸ਼ਾਂਤੀ - ਮਿੱਠੇ - ਮਿੱਠੇ ਬੱਚੇ ਇੱਥੇ ਬੈਠੇ ਹੋ ਤਾਂ ਇਹ ਜਰੂਰ ਸਮਝਦੇ ਹੋ ਅਸੀਂ ਹਾਂ ਈਸ਼ਵਰੀ ਸੰਤਾਨ। ਜਰੂਰ ਆਪਣੇ ਨੂੰ ਆਤਮਾ ਹੀ ਸਮਝਣਗੇ। ਸ਼ਰੀਰ ਹੈ ਤੱਦ ਉਸ ਦੁਆਰਾ ਆਤਮਾ ਸੁਣਦੀ ਹੈ। ਬਾਪ ਨੇ ਇਹ ਸ਼ਰੀਰ ਲੋਨ ਤੇ ਲਿਆ ਹੈ, ਤੱਦ ਸੁਣਾਉਂਦੇ ਹਨ। ਹੁਣ ਤੁਸੀਂ ਸਮਝਦੇ ਹੋ ਅਸੀਂ ਹਾਂ ਈਸ਼ਵਰੀ ਸੰਤਾਨ ਦਾ ਸੰਪਰਦਾਏ ਫਿਰ ਅਸੀਂ ਦੈਵੀ ਸੰਪਰਦਾਏ ਬਣਾਂਗੇ। ਸ੍ਵਰਗ ਦੇ ਮਾਲਿਕ ਹੁੰਦੇ ਹੀ ਹਨ ਦੇਵਤਾ। ਅਸੀਂ ਫਿਰ ਤੋਂ 5 ਹਜ਼ਾਰ ਵਰ੍ਹੇ ਪਹਿਲੇ ਮੁਅਫਿਕ ਦੈਵੀ ਸਵਰਾਜ ਦੀ ਸਥਾਪਨਾ ਕਰ ਰਹੇ ਹਾਂ। ਫਿਰ ਅਸੀਂ ਦੇਵਤਾ ਬਣ ਜਾਵਾਂਗੇ। ਇਸ ਸਮੇਂ ਸਾਰੀ ਦੁਨੀਆਂ, ਭਾਰਤ ਖਾਸ ਹੋਰ ਦੁਨੀਆਂ ਆਮ, ਸਭ ਮਨੁੱਖ ਮਾਤਰ ਇੱਕ ਦੂਜੇ ਨੂੰ ਦੁੱਖ ਹੀ ਦਿੰਦੇ ਹਨ। ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਸੁਖ ਧਾਮ ਵੀ ਹੁੰਦਾ ਹੈ। ਪਰਮਪਿਤਾ ਪਰਮਾਤਮਾ ਹੀ ਆਕੇ ਸਭ ਨੂੰ ਸੁਖੀ ਸ਼ਾਂਤ ਬਣਾ ਦਿੰਦੇ ਹਨ। ਇੱਥੇ ਤਾਂ ਘਰ - ਘਰ ਵਿਚ ਇੱਕ ਦੂਜੇ ਨੂੰ ਦੁੱਖ ਹੀ ਦਿੰਦੇ ਹਨ। ਸਾਰੇ ਵਿਸ਼ਵ ਵਿੱਚ ਦੁੱਖ ਹੀ ਦੁੱਖ ਹੈ। ਹੁਣ ਤੁਸੀਂ ਬੱਚੇ ਜਾਣਦੇ ਹੋ ਬਾਪ ਸਾਨੂੰ 21 ਜਨਮਾਂ ਦੇ ਲਈ ਸੁਖੀ ਬਣਾਉਂਦੇ ਹਨ। ਕੱਦ ਤੋਂ ਦੁੱਖ ਸ਼ੁਰੂ ਹੋਇਆ ਹੈ ਫਿਰ ਕੱਦ ਪੂਰਾ ਹੁੰਦਾ ਹੈ, ਇਹ ਹੋਰ ਕਿਸੇ ਦੀ ਬੁੱਧੀ ਵਿੱਚ ਚਿੰਤਨ ਨਹੀਂ ਹੋਵੇਗਾ। ਤੁਹਾਨੂੰ ਹੀ ਇਹ ਬੁੱਧੀ ਵਿੱਚ ਹੈ ਕਿ ਅਸੀਂ ਬਰੋਬਰ ਈਸ਼ਵਰੀ ਸੰਪਰਦਾਏ ਸੀ, ਉਵੇਂ ਤਾਂ ਸਾਰੀ ਦੁਨੀਆਂ ਦੇ ਮਨੁੱਖ ਮਾਤਰ ਈਸ਼ਵਰੀ ਸੰਪਰਦਾਏ ਹਨ। ਹਰ ਇੱਕ ਉਨ੍ਹਾਂ ਨੂੰ ਫਾਦਰ ਕਹਿ ਬੁਲਾਉਂਦੇ ਹਨ। ਹੁਣ ਫਿਰ ਬੱਚੇ ਜਾਣਦੇ ਹਨ ਸ਼ਿਵਬਾਬਾ ਸਾਨੂੰ ਸ਼੍ਰੀਮਤ ਦੇ ਰਹੇ ਹਨ। ਸ਼੍ਰੀਮਤ ਮਸ਼ਹੂਰ ਹੈ। ਉੱਚ ਤੇ ਉੱਚ ਭਗਵਾਨ ਦੀ ਉੱਚ ਤੇ ਉੱਚ ਮਤ ਹੈ। ਗਾਇਆ ਵੀ ਜਾਂਦਾ ਹੈ ਉਨ੍ਹਾਂ ਦੀ ਗਤ ਮਤ ਨਿਆਰੀ। ਸ਼ਿਵਬਾਬਾ ਦੀ ਸ਼੍ਰੀਮਤ ਸਾਨੂੰ ਕੀ ਤੋਂ ਕੀ ਬਣਾਉਂਦੀ ਹੈ! ਸ੍ਵਰਗ ਦਾ ਮਾਲਿਕ। ਹੋਰ ਜੋ ਵੀ ਮਨੁੱਖ ਮਾਤਰ ਹਨ ਉਹ ਤਾਂ ਨਰਕ ਦਾ ਹੀ ਮਾਲਿਕ ਬਣਾਉਂਦੇ ਹਨ। ਹੁਣ ਤੁਸੀਂ ਹੋ ਸੰਗਮਯੁਗ ਤੇ। ਇਹ ਤਾਂ ਨਿਸ਼ਚੇ ਹੈ ਨਾ। ਨਿਸ਼ਚੇ ਬੁੱਧੀ ਹੀ ਇੱਥੇ ਆਉਂਦੇ ਹਨ ਅਤੇ ਸਮਝਦੇ ਹਨ ਬਾਬਾ ਸਾਨੂੰ ਫਿਰ ਤੋਂ ਸੁਖ ਧਾਮ ਦਾ ਮਾਲਿਕ ਬਣਾਉਂਦੇ ਹਨ। ਅਸੀਂ ਹੀ 100 ਪ੍ਰਤੀਸ਼ਤ ਪਵਿੱਤਰ ਗ੍ਰਹਿਸਤ ਮਾਰਗ ਵਾਲੇ ਸੀ। ਇਹ ਸਮ੍ਰਿਤੀ ਆਈ ਹੈ। 84 ਜਨਮਾਂ ਦਾ ਹਿਸਾਬ ਵੀ ਹੈ ਨਾ। ਕੌਣ - ਕੌਣ ਕਿੰਨੇ ਜਨਮ ਲੈਂਦੇ ਹਨ। ਜੋ ਧਰਮ ਬਾਦ ਵਿੱਚ ਆਉਂਦੇ ਹਨ, ਉਨ੍ਹਾਂ ਦੇ ਜਨਮ ਵੀ ਥੋੜੇ ਹੁੰਦੇ ਹਨ।

ਤੁਸੀਂ ਬੱਚਿਆਂ ਨੂੰ ਹੁਣ ਇਹ ਨਿਸ਼ਚੇ ਰੱਖਣਾ ਹੈ, ਅਸੀਂ ਈਸ਼ਵਰੀ ਔਲਾਦ ਹਾਂ। ਸਾਨੂੰ ਸ਼੍ਰੇਸ਼ਠ ਮਤ ਮਿਲਦੀ ਹੈ, ਸਭ ਨੂੰ ਸ਼੍ਰੇਸ਼ਠ ਬਣਾਉਣ ਦੇ ਲਈ। ਸਾਡਾ ਉਹੀ ਬਾਬਾ ਸਾਨੂੰ ਰਾਜਯੋਗ ਸਿਖਾਉਂਦਾ ਹੈ। ਮਨੁੱਖ ਸਮਝਦੇ ਹਨ ਕਿ ਵੇਦ - ਸ਼ਾਸਤਰ ਆਦਿ ਸਭ ਭਗਵਾਨ ਤੋਂ ਮਿਲਣ ਦੇ ਰਸਤੇ ਹਨ। ਅਤੇ ਭਗਵਾਨ ਕਹਿੰਦੇ ਹਨ ਇਸ ਨਾਲ ਕੋਈ ਵੀ ਮੇਰੇ ਨਾਲ ਮਿਲਦਾ ਨਹੀਂ ਹੈ। ਮੈ ਹੀ ਆਉਂਦਾ ਹਾਂ, ਤੱਦ ਤਾਂ ਮੇਰੀ ਜਯੰਤੀ ਵੀ ਮਨਾਉਂਦੇ ਹਨ, ਪਰ ਕੱਦ ਅਤੇ ਕਿਸ ਦੇ ਸ਼ਰੀਰ ਵਿੱਚ ਆਉਂਦਾ ਹਾਂ, ਇਹ ਕੋਈ ਨਹੀਂ ਜਾਣਦੇ। ਸਿਵਾਏ ਤੁਸੀਂ ਬ੍ਰਾਹਮਣਾਂ ਦੇ। ਹੁਣ ਤੁਸੀਂ ਬੱਚਿਆਂ ਨੂੰ ਸਾਰਿਆਂ ਨੂੰ ਸੁੱਖ ਦੇਣਾ ਹੈ। ਦੁਨੀਆਂ ਵਿੱਚ ਸਭ ਇੱਕ ਦੋ ਨੂੰ ਦੁੱਖ ਦਿੰਦੇ ਹਨ। ਉਹ ਲੋਕ ਇਹ ਨਹੀਂ ਸਮਝਦੇ ਹਨ ਕਿ ਵਿਕਾਰ ਵਿੱਚ ਜਾਣਾ ਦੁੱਖ ਦੇਣਾ ਹੈ। ਹੁਣ ਤੁਸੀਂ ਜਾਣਦੇ ਹੋ ਇਹ ਮਹਾਨ ਦੁੱਖ ਹੈ। ਕੁਮਾਰੀ ਜੋ ਪਵਿੱਤਰ ਸੀ ਉਨ੍ਹਾਂ ਨੂੰ ਅਪਵਿੱਤਰ ਬਣਾਉਂਦੇ ਹਨ। ਨਰਕ ਵਾਸੀ ਬਣਾਉਣ ਦੇ ਲਈ ਕਿੰਨੀ ਸੈਰਿਮਨੀ ਕਰਦੇ ਹਨ। ਇੱਥੇ ਤਾਂ ਕੋਈ ਅਜਿਹੇ ਹੰਗਾਮੇ ਦੀ ਗੱਲ ਹੀ ਨਹੀਂ। ਤੁਸੀਂ ਬੜੀ ਸ਼ਾਂਤੀ ਨਾਲ ਬੈਠੇ ਹੋ। ਸਭ ਖੁਸ਼ ਹੁੰਦੇ ਹਨ, ਸਾਰੇ ਵਿਸ਼ਵ ਨੂੰ ਹਮੇਸ਼ਾ ਸੁਖੀ ਬਣਾਉਂਦੇ ਹਨ। ਤੁਹਾਡਾ ਮਾਨ ਸ਼ਿਵ ਸ਼ਕਤੀਆਂ ਦੇ ਰੂਪ ਵਿਚ ਹੈ। ਤੁਹਾਡੇ ਅੱਗੇ ਤਾ ਲਕਸ਼ਮੀ ਨਾਰਾਇਣ ਦਾ ਤਾਂ ਕੁਝ ਵੀ ਮਾਨ ਨਹੀਂ। ਸ਼ਿਵ ਸ਼ਕਤੀਆਂ ਦਾ ਹੀ ਨਾਮ ਬਾਲਾ ਹੈ ਕਿਓਂਕਿ ਜਿਵੇਂ ਬਾਪ ਨੇ ਸਰਵਿਸ ਕੀਤੀ ਹੈ, ਸਭ ਨੂੰ ਪਵਿੱਤਰ ਬਣਾ ਕੇ ਹਮੇਸ਼ਾ ਸੁਖੀ ਬਣਾਇਆ ਹੈ, ਇਵੇਂ ਤੁਸੀਂ ਵੀ ਬਾਪ ਦੇ ਮਦਦਗਾਰ ਬਣੇ ਹੋ, ਇਸਲਈ ਤੁਸੀਂ ਸ਼ਕਤੀਆਂ ਭਾਰਤ ਮਾਤਾ ਦੀ ਮਹਿਮਾ ਹੈ। ਇਹ ਲਕਸ਼ਮੀ - ਨਾਰਾਇਣ ਰਾਜਾ - ਰਾਣੀ ਅਤੇ ਪ੍ਰਜਾ ਸਭ ਸ੍ਵਰਗਵਾਸੀ ਹਨ। ਉਹ ਵੱਡੀ ਗੱਲ ਹੈ ਕੀ! ਜਿਵੇਂ ਉਹ ਸ੍ਵਰਗਵਾਸੀ ਹਨ ਇਵੇਂ ਹੀ ਇੱਥੇ ਰਾਜਾ - ਰਾਣੀ ਸਭ ਨਰਕਵਾਸੀ ਹਨ। ਅਜਿਹੇ ਨਰਕਵਾਸੀਆਂ ਨੂੰ ਸ੍ਵਰਗਵਾਸੀ ਤੁਸੀਂ ਬਣਾਉਂਦੇ ਹੋ। ਮਨੁੱਖ ਤਾਂ ਕੁਝ ਵੀ ਨਹੀਂ ਜਾਣਦੇ ਹਨ। ਬਿਲਕੁਲ ਹੀ ਤੁੱਛ ਬੁੱਧੀ ਹਨ। ਕੀ - ਕੀ ਕਰਦੇ ਰਹਿੰਦੇ ਹਨ। ਕਿੰਨੀਆਂ ਲੜਾਈਆਂ ਆਦਿ ਹਨ। ਹਰ ਗੱਲ ਵਿੱਚ ਦੁਖੀ ਹੀ ਦੁਖੀ ਹਨ। ਸਤਯੁਗ ਵਿੱਚ ਹਰ ਹਾਲਤ ਵਿੱਚ ਸੁਖ ਹੀ ਸੁਖ ਹੈ। ਹੁਣ ਸਭ ਨੂੰ ਸੁਖ ਦੇਣ ਦੇ ਲਈ ਬਾਬਾ ਸ਼੍ਰੇਸ਼ਠ ਮਤ ਦਿੰਦੇ ਹਨ। ਗਾਉਂਦੇ ਵੀ ਹਨ ਸ਼੍ਰੀਮਤ ਭਗਵਾਨੁਵਾਚ। ਸ਼੍ਰੀਮਤ ਮਨੁੱਖ ਵਾਚ ਨਹੀਂ ਹੈ। ਸਤਯੁਗ ਵਿੱਚ ਦੇਵਤਾਵਾਂ ਨੂੰ ਮਤ ਦੇਣ ਦੀ ਦਰਕਾਰ ਹੀ ਨਹੀਂ। ਇੱਥੇ ਤੁਹਾਨੂੰ ਸ਼੍ਰੀਮਤ ਮਿਲਦੀ ਹੈ। ਬਾਪ ਦੇ

ਨਾਲ ਤੁਸੀਂ ਵੀ ਗਾਏ ਜਾਂਦੇ ਹੋ ਸ਼ਿਵ ਸ਼ਕਤੀਆਂ। ਹੁਣ ਫਿਰ ਤੋਂ ਉਹ ਪਾਰ੍ਹ ਪ੍ਰੈਕਟੀਕਲ ਵਿਚ ਵੱਜ ਰਿਹਾ ਹੈ। ਹੁਣ ਬਾਪ ਕਹਿੰਦੇ ਹਨ ਤੁਹਾਨੂੰ ਬੱਚਿਆਂ ਨੂੰ ਮਨਸਾ, ਵਾਚਾ, ਕਰਮਣਾ ਸਭ ਨੂੰ ਸੁੱਖ ਦੇਣਾ ਹੈ। ਸਭ ਨੂੰ ਸੁਖ ਧਾਮ ਦਾ ਰਸਤਾ ਦੱਸਣਾ ਹੈ। ਤੁਹਾਡਾ ਧੰਦਾ ਹੀ ਇਹ ਹੋਇਆ। ਸ਼ਰੀਰ ਨਿਰਵਾਹ ਅਰਥ ਪੁਰਸ਼ਾਂ ਨੂੰ ਧੰਦਾ ਵੀ ਕਰਨਾ ਹੁੰਦਾ ਹੈ। ਕਹਿੰਦੇ ਹਨ ਸ਼ਾਮ ਦੇ ਸਮੇਂ ਦੇਵਤਾ ਪਰਿਕਰਮਾ ਕਰਨ ਲਈ ਨਿਕਲਦੇ ਹਨ, ਹੁਣ ਇੱਥੇ ਦੇਵਤਾ ਕਿੱਥੋਂ ਆਏ। ਪਰ ਇਸ ਸਮੇਂ ਨੂੰ ਸ਼ੁੱਧ ਕਹਿੰਦੇ ਹਨ। ਇਸ ਟਾਈਮ ਤੇ ਸਾਰਿਆਂ ਨੂੰ ਫੁਰਸਤ ਵੀ ਮਿਲਦੀ ਹੈ। ਤੁਸੀਂ ਬੱਚਿਆਂ ਨੂੰ ਚਲਦੇ, ਫਿਰਦੇ, ਉਠਦੇ, ਬੈਠਦੇ ਯਾਦ ਕਰਨਾ ਹੈ। ਬਸ ਕੋਈ ਦੇਹਧਾਰੀ ਦੀ ਚਾਕਰੀ ਆਦਿ ਨਹੀਂ ਕਰਨੀ ਹੈ। ਬਾਪ ਦਾ ਤਾਂ ਗਾਇਨ ਹੈ ਦਰੋਪਦੀ ਦੇ ਪੈਰ ਦਬਾਏ। ਇਸ ਦਾ ਅਰਥ ਵੀ ਨਹੀਂ ਸਮਝਦੇ ਹਨ। ਸਥੂਲ ਵਿਚ ਪੈਰ ਦਬਾਉਣ ਦੀ ਗੱਲ ਨਹੀਂ ਹੈ। ਬਾਬਾ ਦੇ ਕੋਲ ਬੁੱਢੀਆਂ ਆਦਿ ਬਹੁਤ ਆਉਂਦੀਆਂ ਹਨ, ਜਾਣਦੇ ਹਨ ਭਗਤੀ ਕਰਦੇ - ਕਰਦੇ ਥੱਕ ਗਈਆਂ ਹਨ। ਅੱਧਾ ਕਲਪ ਬਹੁਤ ਧੱਕੇ ਖਾਧੇ ਹਨ ਨਾ। ਤਾਂ ਇਹ ਪੈਰ ਦਬਾਉਣ ਦੇ ਅੱਖਰ ਨੂੰ ਉਠਾ ਲੀਤਾ ਹੈ। ਹੁਣ ਕ੍ਰਿਸ਼ਨ ਪੈਰ ਕਿਵੇਂ ਦਬਾਉਣਗੇ। ਸ਼ੋਭਣਗੇ? ਤੁਸੀਂ ਕ੍ਰਿਸ਼ਨ ਨੂੰ ਪੈਰ ਦੁਬਾਉਣ ਦੇਵੋਗੀਆਂ? ਕ੍ਰਿਸ਼ਨ ਨੂੰ ਵੇਖਦੇ ਹੀ ਉਨ੍ਹਾਂ ਨੂੰ ਚਟਕ ਪਵੇਗੀ। ਉਨ੍ਹਾਂ ਵਿੱਚ ਤਾਂ ਬਹੁਤ ਚਮਤਕਾਰ ਰਹਿੰਦਾ ਹੈ। ਕ੍ਰਿਸ਼ਨ ਦੇ ਸਿਵਾਏ ਹੋਰ ਕੋਈ ਗੱਲ ਬੁੱਧੀ ਵਿੱਚ ਬੈਠਦੀ ਹੀ ਨਹੀਂ। ਉਹ ਹੀ ਸਭ ਤੋਂ ਤੇਜੋਮਯ ਹੈ। ਕ੍ਰਿਸ਼ਨ ਬੱਚੇ ਨੇ ਫਿਰ ਮੁਰਲੀ ਚਲਾਈ, ਗੱਲ ਹੀ ਨਹੀਂ ਜਚਦੀ। ਇੱਥੇ ਤੁਸੀਂ ਸ਼ਿਵਬਾਬਾ ਨਾਲ ਕਿਵੇਂ ਮਿਲੋਗੇ? ਤੁਸੀਂ ਬੱਚਿਆਂ ਨੂੰ ਬੋਲਣਾ ਪੈਂਦਾ ਹੈ, ਸ਼ਿਵਬਾਬਾ ਨੂੰ ਯਾਦ ਕਰ ਫਿਰ ਇਨ੍ਹਾਂ ਦੇ ਕੋਲ ਆਓ। ਤੁਸੀਂ ਬੱਚਿਆਂ ਨੂੰ ਤਾਂ ਅੰਦਰ ਵਿੱਚ ਖੁਸ਼ੀ ਰਹਿਣੀ ਚਾਹੀਦੀ ਹੈ ਸਾਨੂੰ ਸ਼ਿਵਬਾਬਾ ਸੁਖੀ ਬਣਾਉਂਦੇ ਹਨ - 21 ਜਨਮਾਂ ਦੇ ਲਈ। ਇਵੇਂ ਬਾਪ ਦੇ ਪਿਛਾੜੀ ਤਾਂ ਕੁਰਬਾਨ ਜਾਣਾ ਚਾਹੀਦਾ ਹੈ। ਕੋਈ ਸਪੂਤ ਬੱਚੇ ਹੁੰਦੇ ਹਨ ਤਾਂ ਬਾਬਾ ਕੁਰਬਾਨ ਜਾਂਦੇ ਹਨ। ਬਾਪ ਦੀ ਹਰ ਕਾਮਨਾ ਪੂਰੀ ਕਰਦੇ ਹਨ। ਕੋਈ ਤਾਂ ਇਵੇਂ ਦੇ ਬੱਚੇ ਵੀ ਹੁੰਦੇ ਹਨ ਜੋ ਬਾਪ ਦਾ ਖੂਨ ਵੀ ਕਰਾ ਦਿੰਦੇ ਹਨ। ਇੱਥੇ ਤਾਂ ਤੁਹਾਨੂੰ ਮੋਸ੍ਹ ਬਿਲਵੇਡ ਬਣਨਾ ਹੈ। ਕਿਸੇ ਨੂੰ ਵੀ ਦੁੱਖ ਨਹੀਂ ਦੇਣਾ ਹੈ। ਜੋ ਰਹਿਮ ਦਿਲ ਬੱਚੇ ਹਨ ਉਨ੍ਹਾਂ ਦੀ ਦਿਲ ਹੁੰਦੀ ਹੈ ਅਸੀਂ ਪਿੰਡ - ਪਿੰਡ ਵਿਚ ਜਾਕੇ ਸਰਵਿਸ ਕਰੀਏ। ਅੱਜਕਲ ਵਿਚਾਰੇ ਬਹੁਤ ਦੁਖੀ ਹਨ। ਉਨ੍ਹਾਂ ਨੂੰ ਜਾਕੇ ਖੁਸ਼ ਖਬਰੀ ਸੁਣਾਓ ਕਿ ਵਿਸ਼ਵ ਵਿੱਚ ਪਵਿੱਤਰਤਾ, ਸੁਖ, ਸ਼ਾਂਤੀ ਦਾ ਦੈਵੀ ਸਵਰਾਜ ਸਥਾਪਨ ਹੋ ਰਿਹਾ ਹੈ, ਇਹ ਉਹ ਹੀ ਮਹਾਭਾਰਤ ਲੜਾਈ ਹੈ। ਬਰੋਬਰ ਉਸ ਸਮੇਂ ਬਾਪ ਵੀ ਸੀ। ਹੁਣ ਵੀ ਬਾਪ ਆਇਆ ਹੋਇਆ ਹੈ। ਤੁਸੀਂ ਬੱਚੇ ਜਾਣਦੇ ਹੋ ਬਾਬਾ ਸਾਨੂੰ ਪੁਰਸ਼ੋਤਮ ਬਣਾ ਰਹੇ ਹਨ। ਇਹ ਹੈ ਹੀ ਪੁਰਸ਼ੋਤਮ ਸੰਗਮਯੁਗ। ਤੁਸੀਂ ਬੱਚੇ ਜਾਣਦੇ ਹੋ - ਅਸੀਂ ਪੁਰਸ਼ੋਤਮ ਕਿਵੇਂ ਬਣਦੇ ਹਾਂ। ਤੁਹਾਡੇ ਤੋਂ ਪੁੱਛਦੇ ਹਨ ਤੁਹਾਡਾ ਉਦੇਸ਼ ਕੀ ਹੈ? ਬੋਲੋ, ਮਨੁੱਖ ਤੋਂ ਦੇਵਤਾ ਬਣਨਾ। ਦੇਵਤਾ ਤੇ ਮਸ਼ਹੂਰ ਹਨ। ਬਾਪ ਕਹਿੰਦੇ ਹਨ ਜੋ ਦੇਵਤਾਵਾਂ ਦੇ ਭਗਤ ਹੋਣ ਉਨ੍ਹਾਂ ਨੂੰ ਸਮਝਾਓ। ਭਗਤੀ ਵੀ ਤੁਸੀਂ ਪਹਿਲੇ - ਪਹਿਲੇ ਸ਼ੁਰੂ ਕੀਤੀ ਸ਼ਿਵ ਦੀ ਫਿਰ ਦੇਵਤਾਵਾਂ ਦੀ। ਤਾਂ ਪਹਿਲੇ - ਪਹਿਲੇ ਸ਼ਿਵ ਬਾਬਾ ਦੇ ਭਗਤਾਂ ਨੂੰ ਸਮਝਾਉਣਾ ਹੈ। ਬੋਲੋ ਸ਼ਿਵਬਾਬਾ ਕਹਿੰਦੇ ਹਨ ਮੈਨੂੰ ਯਾਦ ਕਰੋ। ਸ਼ਿਵ ਦੀ ਪੂਜਾ ਕਰਦੇ ਹਨ ਪਰ ਇਹ ਥੋੜੀ ਬੁੱਧੀ ਵਿਚ ਆਉਂਦਾ ਹੈ ਕਿ ਪਤਿਤ ਪਾਵਨ ਬਾਪ ਹੈ। ਭਗਤੀ ਮਾਰਗ ਵਿੱਚ ਵੇਖੋ ਧੱਕੇ ਕਿੰਨੇ ਖਾਂਦੇ ਹਨ। ਸ਼ਿਵਲਿੰਗ ਤਾਂ ਘਰ ਵਿੱਚ ਵੀ ਰੱਖ ਸਕਦੇ ਹਨ। ਉਨ੍ਹਾਂ ਦੀ ਸੇਵਾ ਕਰ ਸਕਦੇ ਹਨ, ਫਿਰ ਬਦਰੀਨਾਥ, ਅਮਰਨਾਥ ਆਦਿ ਤੇ ਜਾਣ ਦੀ ਕੀ ਲੋੜ ਹੈ। ਪਰ ਭਗਤੀ ਮਾਰਗ ਵਿੱਚ ਮਨੁੱਖਾਂ ਨੇ ਧੱਕੇ ਜਰੂਰ ਖਾਣੇ ਹਨ। ਤੁਹਾਨੂੰ ਉਨ੍ਹਾਂ ਤੋਂ ਛਡਾਉਂਦੇ ਹਨ। ਤੁਸੀਂ ਹੋ ਸ਼ਿਵ ਸ਼ਕਤੀ, ਸ਼ਿਵ ਦੇ ਬੱਚੇ। ਤੁਸੀਂ ਬਾਪ ਤੋਂ ਸ਼ਕਤੀ ਲੈਂਦੇ ਹੋ। ਉਹ ਵੀ ਮਿਲੇਗੀ ਯਾਦ ਤੋਂ। ਵਿਕਰਮ ਵਿਨਾਸ਼ ਹੋਣਗੇ। ਪਤਿਤ - ਪਾਵਨ ਤਾਂ ਬਾਪ ਹੈ ਨਾ। ਯਾਦ ਨਾਲ ਹੀ ਤੁਸੀਂ ਵਿਕਰਮਾਜੀਤ ਪਾਵਨ ਬਣਦੇ ਹੋ। ਸਭ ਨੂੰ ਇਹ ਰਸਤਾ ਦੱਸਣਾ ਹੈ। ਤੁਸੀਂ ਹੁਣ ਰਾਮ ਦੇ ਬਣੇ ਹੋ। ਰਾਮ ਰਾਜ ਵਿੱਚ ਹੈ ਸੁਖ, ਰਾਵਣ ਰਾਜ ਵਿੱਚ ਹੈ ਦੁੱਖ। ਭਾਰਤ ਵਿੱਚ ਹੀ ਸਭ ਦੇ ਚਿੱਤਰ ਹਨ ਜਿਨ੍ਹਾਂ ਦੀ ਇੰਨੀ ਪੂਜਾ ਹੁੰਦੀ ਹੈ। ਢੇਰ ਦੇ ਢੇਰ ਮੰਦਿਰ ਹਨ। ਕੋਈ ਹਨੂੰਮਾਨ ਦੇ ਪੁਜਾਰੀ, ਕੋਈ ਕਿਸੇ ਦਾ! ਇਨ੍ਹਾਂ ਨੂੰ ਕਿਹਾ ਜਾਂਦਾ ਹੈ ਬਲਾਇੰਡ ਫੇਥ । ਹੁਣ ਤੁਸੀਂ ਜਾਣਦੇ ਹੋ ਅਸੀਂ ਵੀ ਬਲਾਇੰਡ ਸੀ। ਇਨ੍ਹਾਂ ਨੂੰ ਵੀ ਪਤਾ ਨਹੀਂ ਸੀ -ਬ੍ਰਹਮਾ , ਵਿਸ਼ਨੂੰ, ਸ਼ੰਕਰ ਕੌਣ ਹੈ, ਕੀ ਹੈ। ਜੋ ਪੂਜਯ ਸੀ ਉਹ ਹੀ ਫਿਰ ਪੁਜਾਰੀ ਬਣੇ। ਸਤਯੁਗ ਵਿੱਚ ਸੀ ਪੂਜਯ ਇੱਥੇ ਹੈ ਪੁਜਾਰੀ। ਬਾਪ ਕਿੰਨਾ ਚੰਗੀ ਰੀਤੀ ਸਮਝਾਉਂਦੇ ਹਨ। ਤੁਸੀਂ ਜਾਣਦੇ ਹੋ ਪੂਜਯ ਹੁੰਦੇ ਹੀ ਹਨ ਸਤਯੁਗ ਵਿੱਚ। ਇੱਥੇ ਹਨ ਪੁਜਾਰੀ ਤਾਂ ਪੂਜਾ ਹੀ ਕਰਦੇ ਹਨ। ਤੁਸੀਂ ਹੀ ਸ਼ਿਵ ਸ਼ਕਤੀਆਂ ਹੋ। ਹੁਣ ਨਾ ਤੁਸੀਂ ਹੋ ਪੁਜਾਰੀ ਨਾ ਹੋ ਪੂਜਯ। ਬਾਪ ਨੂੰ ਭੁੱਲ ਨਾ ਜਾਓ। ਇਹ ਸਧਾਰਨ ਤਨ ਹੈ ਨਾ। ਇਸ ਵਿੱਚ ਉੱਚ ਤੋਂ ਉੱਚ ਰੱਬ ਆਉਂਦੇ ਹਨ। ਤੁਸੀਂ ਬਾਪ ਨੂੰ ਆਪਣੇ ਕੋਲ ਨਿਮੰਤਰਣ ਦਿੰਦੇ ਹੋ ਨਾ। ਬਾਬਾ ਆਓ, ਅਸੀਂ ਬਹੁਤ ਪਤਿਤ ਬਣ ਗਏ ਹਾਂ। ਪੁਰਾਣੀ ਪਤਿਤ ਦੁਨੀਆਂ, ਪਤਿਤ ਸ਼ਰੀਰ ਵਿੱਚ ਆਕੇ ਸਾਨੂੰ ਪਾਵਨ ਬਣਾਓ। ਬੱਚੇ ਨਿਮੰਤਰਣ ਦਿੰਦੇ ਹਨ। ਇੱਥੇ ਤਾਂ ਕੋਈ ਪਾਵਨ ਹੈ ਹੀ ਨਹੀਂ। ਜਰੂਰ ਸਾਰੇ ਪਤਿੱਤਾਂ ਨੂੰ ਪਾਵਨ ਬਣਾ ਕੇ ਲੈ ਜਾਣਗੇ ਨਾ। ਤਾਂ ਸਭ ਨੂੰ ਸ਼ਰੀਰ ਛੱਡਣਾ ਪਵੇ ਨਾ। ਮਨੁੱਖ ਸ਼ਰੀਰ ਛੱਡਦੇ ਹਨ ਤਾਂ ਕਿੰਨਾ ਹਾਏ ਦੋਸ਼ ਮਚਾਉਂਦੇ ਹਨ। ਤੁਸੀਂ ਖੁਸ਼ੀ ਨਾਲ ਜਾਂਦੇ ਹੋ। ਹੁਣ ਤੁਹਾਡੀ ਆਤਮਾ ਰੇਸ ਕਰਦੀ ਹੈ ਵੇਖੀਏ ਕੌਣ ਸ਼ਿਵਬਾਬਾ ਨੂੰ ਜਾਸਤੀ ਯਾਦ ਕਰਦੇ ਹਨ। ਸ਼ਿਵਬਾਬਾ ਦੀ ਯਾਦ ਵਿੱਚ ਹੀ ਰਹਿੰਦੇ - ਰਹਿੰਦੇ ਸ਼ਰੀਰ ਛੁਟ ਜਾਏ ਤਾਂ ਅਹੋ ਸੋਭਾਗ। ਬੇੜਾ ਹੀ ਪਾਰ ਹੈ। ਸਭ ਨੂੰ ਬਾਪ ਕਹਿੰਦੇ ਹਨ ਇਵੇਂ ਪੁਰਸ਼ਾਰਥ ਕਰੋ। ਸੰਨਿਆਸੀ ਵੀ ਕੋਈ - ਕੋਈ ਇਵੇਂ ਹੁੰਦੇ ਹਨ। ਬ੍ਰਹਮ ਵਿੱਚ ਲੀਨ ਹੋਣ ਦੇ ਲਈ ਅਭਿਆਸ ਕਰਦੇ ਹਨ। ਫਿਰ ਪਿਛਾੜੀ ਵਿੱਚ ਇਵੇਂ ਬੈਠੇ - ਬੈਠੇ ਸ਼ਰੀਰ ਛੱਡ ਦਿੰਦੇ ਹਨ। ਸੰਨਾਟਾ ਹੋ ਜਾਂਦਾ ਹੈ।

ਸੁੱਖ ਦੇ ਦਿਨ ਫਿਰ ਆਉਣਗੇ। ਇਸਦੇ ਲਈ ਹੀ ਤੁਸੀਂ ਪੁਰਸ਼ਾਰਥ ਕਰਦੇ ਹੋ ਬਾਬਾ ਅਸੀਂ ਤੁਹਾਡੇ ਕੋਲ ਚਲੀਏ। ਤੁਹਾਨੂੰ ਹੀ ਯਾਦ ਕਰਦੇ - ਕਰਦੇ ਜੱਦ ਸਾਡੀ ਆਤਮਾ ਪਵਿੱਤਰ ਹੋ ਜਾਵੇਗੀ ਤਾਂ ਆਪ ਸਾਨੂੰ ਨਾਲ ਲੈ ਜਾਣਗੇ। ਅੱਗੇ ਜੱਦ ਕਾਸ਼ੀ ਕਲਵਟ ਖਾਂਦੇ ਸੀ ਤਾਂ ਬਹੁਤ ਪ੍ਰੇਮ ਨਾਲ ਖਾਂਦੇ ਸੀ, ਬਸ ਅਸੀਂ ਮੁਕਤ ਹੋ ਜਾਵਾਂਗੇ। ਇਵੇਂ ਸਮਝਦੇ ਸੀ। ਹੁਣ ਤੁਸੀਂ ਬਾਪ ਨੂੰ ਯਾਦ ਕਰਦੇ ਚਲੇ ਜਾਂਦੇ ਹੋ ਸ਼ਾਂਤੀਧਾਮ। ਤੁਸੀਂ ਬਾਪ ਨੂੰ ਯਾਦ ਕਰਦੇ ਹੋ ਤਾਂ ਇਸ ਯਾਦ ਦੇ ਬਲ ਨਾਲ ਪਾਪ ਕੱਟਦੇ ਹਨ, ਉਹ ਸਮਝਦੇ ਹਨ ਸਾਡੇ ਫਿਰ ਪਾਣੀ ਨਾਲ ਪਾਪ ਕੱਟ ਜਾਣਗੇ। ਮੁਕਤੀ ਮਿਲ ਜਾਏਗੀ। ਹੁਣ ਬਾਪ ਸਮਝਾਉਂਦੇ ਹਨ ਉਹ ਕੋਈ ਯੋਗਬਲ ਨਹੀਂ ਹੈ। ਪਾਪਾਂ ਦੀ ਸਜ਼ਾ ਖਾਂਦੇ -

ਖਾਂਦੇ ਫਿਰ ਜਾਕੇ ਜਨਮ ਲੈਂਦੇ ਹਨ, ਨਵੇਂ ਸਿਰੇ ਫਿਰ ਪਾਪਾਂ ਦਾ ਖਾਤਾ ਸ਼ੁਰੂ ਹੁੰਦਾ ਹੈ। ਕਰਮ, ਅਕਰਮ, ਵਿਕਰਮ ਦੀ ਗਤੀ ਬਾਪ ਬੈਠ ਸਮਝਾਉਂਦੇ ਹਨ। ਰਾਮਰਾਜ ਵਿੱਚ ਕਰਮ ਅਕਰਮ ਹੁੰਦੇ ਹਨ, ਰਾਵਣ ਰਾਜ ਵਿੱਚ ਕਰਮ ਵਿਕਰਮ ਹੋ ਜਾਂਦੇ ਹਨ। ਜਿੱਥੇ ਕੋਈ ਵਿਕਾਰ ਆਦਿ ਹੁੰਦੇ ਨਹੀਂ।

ਮਿੱਠੇ - ਮਿੱਠੇ ਫੁਲ ਬੱਚੇ ਜਾਣਦੇ ਹਨ ਬਾਪ ਸਾਨੂੰ ਸਭ ਯੁਕਤੀਆਂ, ਸਭ ਰਾਜ਼ ਸਮਝਾਉਂਦੇ ਹਨ। ਮੁਖ ਗੱਲ ਇਹ ਹੈ ਕਿ ਬਾਪ ਨੂੰ ਯਾਦ ਕਰੋ। ਪਤਿਤ - ਪਾਵਨ ਬਾਪ ਤੁਹਾਡੇ ਸਾਹਮਣੇ ਬੈਠੇ ਹਨ, ਕਿੰਨਾ ਨਿਰਮਾਣ ਹੈ। ਕੋਈ ਹੰਕਾਰ ਨਹੀਂ, ਬਿਲਕੁਲ ਸਾਧਾਰਨ ਚੱਲਦੇ ਰਹਿੰਦੇ ਹਨ। ਬਾਪਦਾਦਾ ਦੋਨੋ ਹੀ ਬੱਚਿਆਂ ਦੇ ਸਰਵੈਂਟ ਹਨ। ਤੁਹਾਡੇ ਦੋ ਸਰਵੈਂਟ ਹਨ ਉੱਚ ਤੋਂ ਉੱਚ ਸ਼ਿਵਬਾਬਾ ਫਿਰ ਪ੍ਰਜਾਪਿਤਾ ਬ੍ਰਹਮਾ। ਉਹ ਲੋਕ ਤ੍ਰਿਮੂਰਤੀ ਬ੍ਰਹਮਾ ਕਹਿ ਦਿੰਦੇ ਹਨ। ਅਰਥ ਥੋੜੀ ਜਾਣਦੇ ਹਨ। ਤ੍ਰਿਮੂਰਤੀ ਬ੍ਰਹਮਾ ਕੀ ਕਰਦੇ ਹਨ, ਕੁਝ ਵੀ ਪਤਾ ਨਹੀਂ ਹੈ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਹਮੇਸ਼ਾ ਇਹ ਨਿਸ਼ਚਾ ਰਹੇ ਕਿ ਅਸੀਂ ਈਸ਼ਵਰੀ ਔਲਾਦ ਹਾਂ, ਸਾਨੂੰ ਸ਼੍ਰੇਸ਼ਠ ਮਤ ਤੇ ਚਲਣਾ ਹੈ। ਕਿਸੇ ਨੂੰ ਵੀ ਦੁੱਖ ਨਹੀਂ ਦੇਣਾ ਹੈ। ਸਭ ਨੂੰ ਸੁਖ ਦਾ ਰਸਤਾ ਦੱਸਣਾ ਹੈ।

2. ਸਪੂਤ ਬੱਚੇ ਬਣ ਬਾਪ ਤੇ ਕੁਰਬਾਨ ਜਾਣਾ ਹੈ, ਬਾਪ ਦੀ ਹਰ ਕਾਮਨਾ ਪੂਰੀ ਕਰਨੀ ਹੈ। ਜਿਵੇਂ ਬਾਪਦਾਦਾ ਨਿਰਮਾਣ ਅਤੇ ਨਿਰਹੰਕਾਰੀ ਹੈ, ਇਵੇਂ ਬਾਪ ਸਮਾਨ ਬਣਨਾ ਹੈ।

ਵਰਦਾਨ:- ਸਵ - ਉੱਨਤੀ ਦੁਆਰਾ ਸੇਵਾ ਵਿਚ ਉੱਨਤੀ ਕਰਨ ਵਾਲੇ ਸੱਚੇ ਸੇਵਾਦਾਰੀ ਭਵ।

ਸਵ - ਉੱਨਤੀ ਸੇਵਾ ਦੀ ਉੱਨਤੀ ਦਾ ਵਿਸ਼ੇਸ਼ ਆਧਾਰ ਹੈ। ਸਵ - ਉੱਨਤੀ ਘਟ ਹੈ ਤਾਂ ਸੇਵਾ ਵੀ ਘਟ ਹੈ। ਸਿਰਫ ਕਿਸੇ ਨੂੰ ਮੂੰਹ ਨਾਲ ਪਰਿਚੈ ਦੇਣਾ ਹੀ ਸੇਵਾ ਨਹੀਂ ਹੈ ਲੇਕਿਨ ਹਰ ਕਰਮ ਦੁਆਰਾ ਸ੍ਰੇਸ਼ਠ ਕਰਮ ਦੀ ਪ੍ਰੇਰਣਾ ਦੇਣਾ ਇਹ ਵੀ ਸੇਵਾ ਹੈ। ਜੋ ਮਨਸਾ - ਵਾਚਾ - ਕਰਮਣਾ ਸਦਾ ਸੇਵਾ ਵਿਚ ਤੱਤਪਰ ਰਹਿੰਦੇ ਹਨ ਉਨ੍ਹਾਂ ਨੂੰ ਸੇਵਾ ਦੁਆਰਾ ਸ੍ਰੇਸ਼ਠ ਭਾਗ ਦਾ ਅਨੁਭਵ ਹੁੰਦਾ ਹੈ। ਜਿੰਨੀ ਸੇਵਾ ਕਰਦੇ ਉਤਨਾਂ ਖੁਦ ਵੀ ਅੱਗੇ ਵਧਦੇ ਹਨ। ਆਪਣੇ ਸ੍ਰੇਸ਼ਠ ਕਰਮ ਦੁਆਰਾ ਸੇਵਾ ਕਰਨ ਵਾਲੇ ਸਦਾ ਪ੍ਰਤੱਖ ਫਲ ਪ੍ਰਾਪਤ ਕਰਦੇ ਰਹਿੰਦੇ ਹਨ।

ਸਲੋਗਨ:- ਨੇੜੇ ਆਉਣ ਦੇ ਲਈ ਸੋਚਣਾ - ਬੋਲਣਾ ਅਤੇ ਕਰਨਾ ਸਮਾਨ ਬਣਾਓ।

******

ਅਵਿਅਕਤ ਇਸ਼ਾਰੇ:- ਆਤਮਿਕ ਸਥਿਤੀ ਵਿਚ ਰਹਿਣ ਦਾ ਅਭਿਆਸ ਕਰੋ, ਅੰਤਰਮੁੱਖੀ ਬਣੋ।

ਇਕਾਗ੍ਰਤਾ ਦਾ ਆਧਾਰ ਅੰਤਰਮੁਖਤਾ ਹੈ। ਅੰਤਰਮੁਖਤਾ ਵਿਚ ਰਹਿਣ ਨਾਲ ਸੂਖਸ਼ਮ ਸ਼ਕਤੀਆਂ ਦੀਆਂ ਲੀਲਾਵਾਂ ਅਨੁਭਵ ਕਰੋਂਗੇ। ਆਤਮਿਕ ਸਥਿਤੀ ਵਿਚ ਰਹਿ ਆਤਮਾਵਾਂ ਦਾ ਆਵਾਹਨ ਕਰਨਾ, ਆਤਮਾਵਾਂ ਨਾਲ ਰੂਹ - ਰਿਹਾਨ ਕਰਨਾ, ਆਤਮਾਵਾਂ ਦੇ ਸੰਸਕਾਰ - ਸੁਭਾਅ ਬਦਲਣਾ, ਆਤਮਾਵਾਂ ਦਾ ਬਾਪ ਨਾਲ ਕੁਨੈਕਸ਼ਨ ਜੁੜਵਾਉਣਾ, ਅਜਿਹੀ ਰੂਹਾਨੀ ਲੀਲਾ ਦਾ ਅਨੁਭਵ ਹੋਵੇਗਾ।